## ਯਾਤਰਾ ਅਤੇ ਸਭਿਆਚਾਰਕ ਮਾਮਲੇ ਵਿਭਾਗ

(ਯਾਤਰਾ ਸ਼ਾਖਾ)

ਮਿਤੀ 1/2 ਅਗਸਤ, 2007

ਨੰ: 10/153/06-4ਟਸ/1483.—ਸਰਕਾਰ ਵੱਲੋਂ ਪੰਜਾਬ ਪ੍ਰਾਚੀਨ ਅਤੇ ਇਤਿਹਾਸਕ ਸਮਾਰਕਾਂ ਅਤੇ ਪੁਰਾਤੱਤਵੀ ਸਾਈਟਸ ਅਤੇ ਰੀਮੇਨਜ਼ ਐਕਟ, 1964 ਦੀ ਧਾਰਾ 4 ਦੀ ਉਪ-ਧਾਰਾ (1) ਤਹਿਤ ਕਿਲਾ ਪੱਟੀ, ਜ਼ਿਲ੍ਹਾ ਤਰਨਤਾਰਨ ਨੂੰ ਸੁਰਖਿੱਅਤ ਕਰਨ ਲਈ ਮੁੱਢਲੀ ਅਧਿਸੂਚਨਾ ਨੰ: 10/153/06/287, ਮਿਤੀ 20 ਫਰਵਰੀ, 2007, ਜਾਰੀ ਕਰਕੇ ਆਮ ਜਨਤਾ ਤੋਂ 2 ਮਹੀਨਿਆ ਦੇ ਸਮੇਂ ਅੰਦਰ-ਅੰਦਰ ਇਤਰਾਜ਼ ਮੰਗੇ ਗਏ ਸਨ, ਪਰੰਤੂ ਉਕਤ ਦਰਸਾਏ ਨਿਰਧਾਰਤ ਸਮੇਂ ਅੰਦਰ ਕੋਈ ਇਤਰਾਜ਼ ਪ੍ਰਾਪਤ ਨਹੀਂ ਹੋਇਆ ।

2. ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਕਿਲਾ ਪੱਟੀ, ਜ਼ਿਲ੍ਹਾ ਤਰਨਤਾਰਨ ਨੂੰ ਉਕਤ ਪੈਰਾ 1 ਵਿੱਚ ਦਰਸਾਏ ਐਕਟ ਦੀ ਧਾਰਾ 4 ਦੀ ਉਪ-ਧਾਰਾ (3) ਅਧੀਨ ਹੇਠ ਲਿਖੀ ਅਨੁਸੂਚੀ ਅਨੁਸਾਰ ਸੁਰੱਖਿਅਤ ਕਰਾਰ ਦਿੰਦੇ ਹਨ :—

### ਅਨੁਸੂਚੀ

| ਲੜੀ ਨੰ : | ਜ਼ਿਲ੍ਹਾ | ਤਹਿਸੀਲ | ਸਥਾਨ | ਸਮਾਰਕ ਦਾ ਨਾਂ | ਜਗ੍ਹਾ ਦਾ ਵੇਰਵਾ/ ਕੁਲ ਰਕਬਾ ਖਸਰਾ ਨੰਬਰ: ਕਨਾਲ, ਮਰਲਾ, ਗਜ | ਸੁਰਖਿੱਅਤ ਕਰਨ ਵਾਲਾ ਰਕਬਾ | ਹੱਦ | ਮਲਕੀਅਤ | ਕਾਸਤਕ ਦਾ ਨਾਂ |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| 1 | ਤਰਨਤਾਰਨ | ਪੱਟੀ | ਕਸਬਾ ਪੱਟੀ, (ਪੁਰਾਣਾ ਥਾਣਾ) | ਕਿਲ੍ਹਾ | ਖਸਰਾ ਨੰ: 1299 ਕੁਲ ਰਕਬਾ : 21 ਕਨਾਲ 14 ਮਰਲਾ 166 ਗਜ | 155.'0" × 135.'6" 210025 Sq.ft. ਜਾਂ 3 ਕਨਾਲ 17 ਮਰਲੇ | ਉੱਤਰ-ਸਰਕਾਰੀ ਦਫਤਰ ਦੱਖਣ-ਸੜਕ-ਪੁਲਿਸ ਕੁਆਟਰ ਪੂਰਵ-ਸੀ.ਆਈ.ਡੀ. ਆਫਿਸ ਪੱਛਮ-ਪੁਲਿਸ ਸਟੇਸ਼ਨ | ਪ੍ਰੋਵੀਂਸੀਅਲ ਗੋਰਮਿੰਟ | ਮਕਬੂਜ ਮਹਿਕਮਾ ਪੁਲਿਸ ਕਬਜੇ ਹੇਠ |

ਡੀ. ਐਸ. ਕਲਹਾ, ਆਈ.ਏ.ਐਸ.,

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਸਭਿਆਚਾਰਕ ਮਾਮਲੇ ਵਿਭਾਗ, ਪੰਜਾਬ ।

ਚੰਡੀਗੜ੍ਹ :
ਮਿਤੀ 'ਚ ਜੁਲਾਈ, 2007.